ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ. ਏ. ਐੱਸ ਨਗਰ

**ਨੋਟਿਸ**

**ਮਿਤੀ 30.10.2023**

1.0 ਮਾਸਟਰ ਕਾਡਰ ਦੀ ਸੀਨੀਆਰਤਾ ਮਿਤੀ 19.06.2019 ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਸਿ.ਰਿ.ਪ. 28434 ਆਫ 2019 ਹਰਭਜਨ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕਨੈਕਟਡ ਕੇਸਾਂ ਵਿੱਚ ਦਿੱਤੇ ਗਏ ਫੈਸਲੇ ਮਿਤੀ 15.02.2023 ਅਨੁਸਾਰ ਖਾਰਜ ਕਰਦੇ ਹੋਏ ਮੁੜ ਤੋਂ ਸੀਨੀਆਰਤਾ ਬਨਾਉਣ ਦੇ ਹੁਕਮ ਜਾਰੀ ਹੋਏ ਸਨ।

2.0 ਉਕਤ ਫੈਸਲੇ ਦੀ ਲਗਾਤਾਰਤਾ ਵਿੱਚ ਵਿਭਾਗ ਵੱਲੋਂ ਵੱਖ ਵੱਖ ਸਮੇਂ ਦੌਰਾਨ ਨਿਯੁਕਤ ਹੋਏ ਕਰਮਚਾਰੀਆਂ/ ਰਿਟਾਇਰੀਆਂ ਦਾ ਰਿਕਾਰਡ ਪੰਜਾਬ ਰਾਜ ਦੇ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਮੰਗਵਾਉਣ ਉਪਰੰਤ ਇਕ ਡਰਾਫਟ ਸੀਨੀਆਰਤਾ ਸੂਚੀ ਬਣਾਈ ਗਈ ਹੈ। ਇਹ ਡ੍ਰਾਫਟ ਸੀਨੀਆਰਤਾ ਸੂਚੀ ਦੀ ਬਣਤਰ ਵਿਭਾਗ ਵੱਲੋਂ ਖੇਤਰੀ ਅਤੇ ਮੁੱਖ ਦਫਤਰ ਵਿੱਚ ਉਪਲੱਬਧ ਰਿਕਾਰਡ ਅਨੁਸਾਰ ਪੰਜਾਬ ਰਾਜ ਦੀ ਬਣਤਰ ਉਪਰੰਤ ਮਿਤੀ 01.11.1966 ਨੂੰ ਜੋ ਕਰਮਚਾਰੀ ਪੰਜਾਬ ਰਾਜ ਵਿੱਚ ਕੰਮ ਕਰ ਰਹੇ ਸਨ ਦੇ ਵੇਰਵਿਆਂ ਨੂੰ ਸਮਲਿਤ ਕਰਦੇ ਹੋਏ ਤਿਆਰ ਕੀਤੀ ਗਈ ਹੈ।

3.0 ਵਿਭਾਗ ਵੱਲੋਂ ਮਾਸਟਰ ਕਾਡਰ ਦੀ ਡਰਾਫਟ ਸੀਨੀਆਰਤਾ ਸੂਚੀ ਵੱਖ ਵੱਖ ਭਾਗਾਂ ਵਿੱਚ ਵਿਭਾਗ ਦੀ ਵੈਬ-ਸਾਈਟ www.ssapunjab.org ਤੇ ਅਪਲੋਡ ਕੀਤੀ ਜਾਵੇਗੀ, ਜਿਸ ਨੂੰ ਕਿਸੇ ਵੀ ਅਧਾਰ ਨਾਲ ਅੰਤਿਮ ਰੂਪ ਨਾ ਸਮਝਿਆ ਜਾਵੇ। ਵਿਭਾਗ ਵੱਲੋਂ ਮਾਸਟਰ ਕਾਡਰ ਦੀ ਡਰਾਫਟ ਸੀਨੀਆਰਤਾ ਸੂਚੀ ਦਾ **ਪਹਿਲਾ ਭਾਗ ਜੋ ਕਿ ਮਿਤੀ 31.12.1990** ਤੱਕ ਤਿਆਰ ਕੀਤਾ ਗਿਆ ਹੈ, ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕੀਤਾ ਜਾਂਦਾ ਹੈ, ਜੇਕਰ ਕਿਸੇ ਅਧਿਆਪਕ/ਅਧਿਕਾਰੀ/ਰਿਟਾਇਰੀ ਦੇ ਵੇਰਵੇ ਦਰਜ ਹੋਣ ਤੋਂ ਰਹਿ ਗਏ ਹੋਣ ਜਾਂ ਕਿਸੇ ਅਧਿਆਪਕ/ਅਧਿਕਾਰੀ/ਰਿਟਾਇਰੀ ਦੇ ਵੇਰਵੇ ਅਧੂਰੇ ਹੋਣ ਜਾਂ ਨਿਸ਼ਚਿਤ ਕੀਤੇ ਗਏ ਵੇਰਵਿਆਂ ਸੰਬੰਧੀ ਜੇਕਰ ਕੋਈ ਇਤਰਾਜ਼ ਹੋਵੇ ਤਾਂ ਇਸ ਸਬੰਧੀ ਇਤਰਾਜ਼ ਮਿਤੀ 15.11.2023 ਤੱਕ ਮੁੱਖ ਦਫਤਰ ਵਿੱਚ ਹੇਠਾਂ ਦਿੱਤੇ ਪ੍ਰਾਫਰਮੇ ਤੇ, ਜੋ ਕਿ ਉਪਰੋਕਤ ਵੈੱਬਸਾਇਟ ਤੇ ਸੀਨੀਆਰਤਾ ਦੇ ਨਾਲ ਵੀ ਉਪਲਬਧ ਹੈ, ਵਿੱਚ ਇਤਰਾਜ਼ਾਂ ਦੇ ਪੱਖ ਵਿੱਚ ਮੁਕੰਮਲ ਦਸਤਾਵੇਜ਼ੀ ਸਬੂਤ ਦਿੰਦੇ ਹੋਏ ਰਜਿਸਟਰਡ ਡਾਕ ਰਾਹੀਂ ਭੇਜੇ ਜਾ ਸਕਦੇ ਹਨ। ਜੇਕਰ ਕੋਈ ਅਧਿਆਪਕ/ਅਧਿਕਾਰੀ/ਰਿਟਾਇਰੀ ਪ੍ਰੋਫਾਰਮੇ ਅਨੁਸਾਰ ਆਪਣਾ ਪੱਖ ਮੁਕੰਮਲ ਤੌਰ ਤੇ ਨਹੀਂ ਰੱਖ ਸਕਦੇ ਤਾਂ ਉਹ ਲਿਖਤ ਰੂਪ ਵਿੱਚ ਬਿਨੈ ਪੱਤਰ ਸਮੇਤ ਪ੍ਰੋਫਾਰਮਾ ਰਜਿਸਟਰਡ ਡਾਕ ਰਾਹੀਂ ਭੇਜ ਸਕਦੇ ਹਨ। ਉਕਤ ਮਿਤੀ ਉਪਰੰਤ ਪ੍ਰਾਪਤ ਕਿਸੇ ਇਤਰਾਜ਼ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਦਫਤਰ ਵਿੱਚ ਨਿੱਜੀ ਪੱਧਰ ਤੇ ਜਾਂ ਸ਼ਾਖਾ ਦੀ ਈਮੇਲ ਤੇ ਭੇਜਿਆ ਇਤਰਾਜ਼ ਡੀਲ ਨਹੀਂ ਕੀਤਾ ਜਾਵੇਗਾ।

| Draft Seniority Number | Name of the official/<br>Father's Name/<br>Date of Birth/<br>Date of Appointment /<br>Subject/<br>Posting details (whether working/retired)<br>contact number (Whatsup Number) | Claimed Seniority Number Brief objection regarding Seniority | Basis of claimed Seniority and objection (Attach proof) |
|---|---|---|---|
| | | | |

Document enclosed

4.0 ਅਧਿਆਪਕ/ਅਧਿਕਾਰੀ/ਰਿਟਾਇਰੀ ਆਪਣਾ ਇਤਰਾਜ਼ ਰਜਿਸਟਰ ਡਾਕ ਰਾਹੀਂ ਹੇਠ ਅਨੁਸਾਰ ਰਜਿਸਟਰਡ ਲਿਫਾਫੇ ਤੇ ਦਰਜ ਕਰਦੇ ਹੋਏ ਭੇਜਣਗੇ

**<u>Through Registered Post</u>**

Assistant Director Promotion Cell

O/o Director School Education (Secondary)

4th Floor Block-E Complex Punjab School Education Board, Sector 62, Mohali

Pin code:- 160062

30/10/2023

5.0 ਉਕਤ ਡਰਾਫਟ ਸੀਨੀਆਰਤਾ ਸੂਚੀ ਦੇ ਸਬੰਧ ਵਿੱਚ ਪ੍ਰਾਪਤ ਹੋਣ ਵਾਲੇ ਇਤਰਾਜਾਂ ਦੇ ਸਬੰਧ ਵਿੱਚ ਸਮੂਹ ਅਧਿਆਪਕ/ਅਧਿਕਾਰੀ/ ਰਿਟਾਇਰੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼ਾਖਾ ਵੱਲੋਂ ਰਿਕਾਰਡ ਨੂੰ ਘੋਖਣ ਉਪਰੰਤ ਇਤਰਾਜਾਂ ਦਾ ਸਪੱਸ਼ਟੀਕਰਨ ਦਿੰਦੇ ਹੋਏ ਨਿਪਟਾਰਾ ਕੀਤਾ ਜਾਵੇਗਾ। ਇਸ ਉਪਰੰਤ ਜੇਕਰ ਕੋਈ ਅਧਿਆਪਕ/ ਅਧਿਕਾਰੀ/ਰਿਟਾਇਰੀ ਵਿਭਾਗ ਦੇ ਜੁਆਬ ਤੋਂ ਸੰਤੁਸ਼ਟ ਨਹੀਂ ਹੰਦੇ ਹਨ, ਤਾਂ ਉਹ ਵਿਭਾਗ ਵੱਲੋਂ ਜਾਰੀ ਕੀਤੇ ਗਏ ਜੁਆਬ ਦੇ ਸਬੰਧ ਵਿੱਚ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ) ਪੰਜਾਬ ਨੂੰ ਸਪੱਸ਼ਟੀਕਰਨ ਦੇ ਪੱਤਰ ਨੂੰ ਰੀਵਿਊ ਕਰਨ ਹਿੱਤ ਬਿਨੈ ਪੱਤਰ ਦੇ ਸਕਦਾ ਹੈ।

6.0 ਉਕਤ ਤੋਂ ਇਲਾਵਾ ਅਧਿਆਪਕ/ਅਧਿਕਾਰੀ/ ਰਿਟਾਇਰੀ ਵੱਲੋਂ ਰੱਖੇ ਗਏ ਪੱਖ ਕਿਸੇ ਵੀ ਨੁਕਤੇ ਤੇ ਭਿੰਨ ਹੁੰਦੇ ਹਨ, ਤਾਂ ਇਸ ਸੂਰਤ ਵਿੱਚ ਇਤਰਾਜਾਂ ਦੇ ਨਿਪਟਾਰੇ ਲਈ ਸਬੰਧਤ ਅਦਾਰਿਆਂ/ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਅਪੀਲ ਦਾ ਨਿਪਟਾਰਾ ਕੀਤਾ ਜਾਵੇਗਾ।

7.0 ਡਰਾਫਟ ਸੀਨੀਆਰਤਾ ਸੂਚੀ ਤਿਆਰ ਕਰਦੇ ਹੋਏ ਸਮੂਹ ਅਧਿਆਪਕ/ਅਧਿਕਾਰੀ/ ਰਿਟਾਇਰੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਜਿਲ੍ਹਾ ਲੁਧਿਆਣਾ ਵਿਖੇ ਬਲਾਕ ਲੁਧਿਆਣਾ-2 ਅਧੀਨ ਆਉਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਦੋਵਾਲ ਸਕੂਲ ਦੀ ਛੱਤ ਗਿਰ ਜਾਣ ਕਰਕੇ ਸਕੂਲ ਦੀ ਬਿਲਡਿੰਗ ਪ੍ਰਸ਼ਾਸਕੀ ਹੁਕਮਾਂ ਅਨੁਸਾਰ ਖੁੱਲਣ ਦੀ ਮੰਜੂਰੀ ਨਾ ਮਿਲਣ ਕਰਕੇ ਇਸ ਸਕੂਲ ਦਾ ਸਿਰਫ ਤੈਨਾਤ ਅਧਿਆਪਕਾਂ ਦਾ ਹੀ ਰਿਕਾਰਡ ਦਰਜ ਕੀਤਾ ਜਾਣਾ ਹੈ। ਜਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਵਿਭਾਗ ਵੱਲੋਂ ਬਾਕੀ ਰਹਿੰਦੇ ਅਧਿਆਪਕ/ਅਧਿਕਾਰੀ/ ਰਿਟਾਇਰੀ ਦੇ ਰਿਕਾਰਡ ਨੂੰ ਭਾਲਣ ਸਬੰਧੀ ਉਪਰਾਲੇ ਕੀਤੇ ਜਾਣਗੇ।

ਨੋਟ 1) ਵਿਭਾਗ ਵੱਲੋਂ ਵੱਖ ਵੱਖ ਸਮੇਂ ਦੌਰਾਨ ਭਾਗਾਂ ਵਿੱਚ ਡਰਾਫਟ ਸੀਨੀਆਰਤਾ ਵੈਬ-ਸਾਈਟ www.ssapunjab.org ਤੇ ਅਪਲੋਡ ਕੀਤੀ ਜਾਵੇਗੀ, ਅਤੇ ਭਵਿੱਖ ਵਿੱਚ ਵਿਭਾਗ ਵੱਲੋਂ ਵੈਬ-ਸਾਈਟ ਰਾਹੀਂ ਹੀ ਸੀਨੀਆਰਤਾ ਸੂਚੀ ਬਾਬਤ ਸੂਚਨਾ ਨੋਟਿਸ ਰਾਹੀਂ ਜਾਰੀ ਕੀਤੀ ਜਾਵੇਗੀ।

2) ਇਸ ਡਰਾਫਟ ਸੀਨੀਆਰਤਾ ਸੂਚੀ ਨੂੰ ਕਿਸੇ ਵੀ ਤਰ੍ਹਾਂ ਅੰਤਿਮ ਰੂਪ ਨਾ ਮੰਨਿਆ ਜਾਵੇ।

30/10/2023

ਸਹਾਇਕ ਡਾਇਰੈਕਟਰ ਪ੍ਰਮੋਸ਼ਨ ਸੈਲ

ਵਾ. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।